**ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਮੈਸ: ਗਿਆਨ ਕਾਸਟਿੰਗਜ਼ ਪ੍ਰਾਈਵੇਟ ਲਿਮਟਿਡ ਵੱਲੋ ਆਪਣੇ ਮੋਜੂਦਾ ਪਲਾਂਟ ਜੋ ਕਿ ਜੋ ਕਿ ਪਿੰਡ ਨਸਰਾਲੀ, ਸਾਹਮਣੇ 66 ਕੇ.ਵੀ. ਸਬ ਸਟੇਸ਼ਨ, ਗ੍ਰੇਨ ਮਾਰਕੀਟ, ਮੰਡੀ ਗੋਬਿੰਦਗੜ, ਜਿਲਾ ਫਤਹਿਗੜ ਸਾਹਿਬ ਦੀ ਰੈਵੀਨਿਯੂ ਐਸਟੇਟ ਵਿਖੇ ਸਥਿਤ ਹੈ, ਵਿੱਚ ਤਜਵੀਜਤ ਵਾਧੇ ਲਈ ਵਾਤਾਵਰਣ ਕਲੀਅਰੈਂਸ ਲੈਣ ਲਈ ਦਿੱਤੀ ਗਈ ਅਰਜੀ ਦੇ ਸਬੰਧ ਵਿਚ ਬੁਲਾਈ ਲੋਕ ਸੁਣਵਾਈ ਮਿਤੀ 06.06.2019 ਦੀ ਕਾਰਵਾਈ ।**

ਇਸ ਪ੍ਰੋਸੀਡਿੰਗ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੌਜੂਦ ਸਨ

1. ਸ੍ਰੀ ਜਸਪ੍ਰੀਤ ਸਿੰਘ, ਆਈ.ਏ.ਐਸ.,
   ਵਧੀਕ ਡਿਪਟੀ ਕਮਿਸ਼ਨਰ,
   ਫਤਹਿਗੜ ਸਾਹਿਬ ।

2. ਡਾ. ਮਨੋਹਰ ਲਾਲ ਚੋਹਾਨ,
   ਵਾਤਾਵਰਣ ਇੰਜੀਨੀਅਰ (ਮੈਗਾ),
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
   ਪਟਿਆਲਾ

3 ਇੰਜ: ਵਿਜੈ ਕੁਮਾਰ,
   ਵਾਤਾਵਰਣ ਇੰਜੀਨੀਅਰ,
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
   ਖੇਤਰੀ ਦਫਤਰ, ਫਤਹਿਗੜ ਸਾਹਿਬ ।

ਵਾਤਾਵਰਣ ਇੰਜੀਨੀਅਰ (ਮੈਗਾ), ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਪਟਿਆਲਾ ਨੇ ਮੈਸ: ਗਿਆਨ ਕਾਸਟਿੰਗਜ਼ ਪ੍ਰਾਈਵੇਟ ਲਿਮਟਿਡ ਵੱਲੋ ਆਪਣੇ ਮੋਜੂਦਾ ਪਲਾਂਟ, ਜੋ ਕਿ **ਪਿੰਡ ਨਸਰਾਲੀ, ਸਾਹਮਣੇ 66 ਕੇ.ਵੀ. ਸਬ ਸਟੇਸ਼ਨ, ਗ੍ਰੇਨ ਮਾਰਕੀਟ, ਮੰਡੀ ਗੋਬਿੰਦਗੜ, ਜਿਲਾ ਫਤਹਿਗੜ ਸਾਹਿਬ ਦੀ ਰੈਵੀਨਿਯੂ ਐਸਟੇਟ ਵਿਖੇ** ਸਥਿਤ ਹੈ, ਦੀ ਅਰਜੀ ਤੇ ਬੁਲਾਈ ਲੋਕ ਸੁਣਵਾਈ ਦੀ ਪ੍ਰਧਾਨਗੀ ਅਤੇ ਨਿਗਰਾਨੀ ਕਰਨ ਆਏ ਅਫਸਰਾਂ ਦਾ ਅਤੇ ਇਸ ਲੋਕ ਸੁਣਵਾਈ ਵਿੱਚ ਹਾਜਰ ਹੋਏ ਨੇੜਲੇ ਪਿੰਡਾਂ ਦੇ ਲੋਕਾਂ ਦਾ ਸਵਾਗਤ ਕੀਤਾ । ਉਹਨਾਂ ਨੇ ਦੱਸਿਆ ਕਿ ਮੈਸ: ਗਿਆਨ ਕਾਸਟਿੰਗਜ਼ ਪ੍ਰਾਈਵੇਟ ਲਿਮਟਿਡ ਨੇ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲਾ ਨੂੰ ਈ.ਆਈ.ਏ. ਨੋਟੀਫਿਕੇਸਨ ਨੰਬਰ 1533 (ਈ) ਮਿਤੀ 14.9.2006 ਦੇ ਤਹਿਤ ਆਪਣੀ ਇੱਕ ਮੋਜੂਦਾ ਇੰਡਕਸਨ ਭੱਠੀ 6 ਟਨ ਪ੍ਰਤੀ ਹੀਟ ਕਪੈਸਟੀ ਨੂੰ ਦੋ ਇੰਡਕਸ਼ਨ ਭੱਠੀਆਂ 1×10 ਐਂਡ 1×15 ਟਨ ਪ੍ਰਤੀ ਹੀਟ ਨਾਲ ਬਦਲਕੇ, ਸਟੀਲ ਇੰਗਟਸ/ਬਿਲਟਿਸ 1,05,000 ਟਨ/ਸਲਾਨਾ ਅਤੇ ਇੱਕ ਰੋਲਿੰਗ ਮਿੱਲ ਲਗਾ ਕੇ ਰੌਡਜ਼, ਸਕੇਅਰ, ਟੀ.ਐਮ.ਟੀ./ਐਮ.ਐਸ ਬਾਰਜ਼, ਐਗਲਜ਼, ਚੈਨਲਜ਼, ਫਲੈਟਸ ਆਦਿ 80,000 ਟਨ/ਸਲਾਨਾ ਆਪਣੇ ਮੋਜੂਦਾ ਯੂਨਿਟ ਜੋ ਕਿ ਪਿੰਡ ਨਸਰਾਲੀ, ਸਾਹਮਣੇ 66 ਕੇ.ਵੀ. ਸਬ ਸਟੇਸ਼ਨ, ਗ੍ਰੇਨ ਮਾਰਕੀਟ, ਮੰਡੀ ਗੋਬਿੰਦਗੜ, ਜਿਲਾ ਫਤਹਿਗੜ ਸਾਹਿਬ ਦੀ ਰੈਵੀਨਿਯੂ ਐਸਟੇਟ ਵਿਖੇ ਸਥਿਤ ਹੈ, ਲਗਾਉਣ/ਬਨਾਉਣ ਦੀ ਤਜਵੀਜ਼ ਹੈ। ਸਟੇਟ ਲੈਵਲ ਇਨਵਾਇਰਮੈਂਟ ਇੰਮਪੈਕਟ ਅਸੈਸਮੈਂਟ ਅਥਾਰਟੀ (ਸੀਆ), ਪੰਜਾਬ ਵਲੋਂ ਸਨਅਤ ਦੀ ਅਰਜ਼ੀ ਵਿਚਾਰਣ ਉਪਰੰਤ ਡਰਾਫਟ ਈ.ਆਈ.ਏ. ਸਟੱਡੀ ਰਿਪੋਰਟ ਤਿਆਰ ਕਰਨ ਲਈ ਸਨਅਤ ਨੂੰ "ਟਰਮਜ਼ ਆਫ ਰੈਫਰੇਂਸ" ਜਾਰੀ ਕੀਤੇ ਸਨ । ਹੁਣ, ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ

ਤੈਅ ਵਿਧੀ ਅਨੁਸਾਰ ਜਨਤਕ ਸੁਣਵਾਈ ਕਰਵਾਉਣ ਲਈ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਕੋਲ ਡਰਾਫਟ ਈ.ਆਈ.ਏ ਰਿਪੋਰਟ ਜਮਾਂ ਕਰਵਾਈ ਹੈ । ਵਾਤਾਵਰਣ ਇੰਜੀਨੀਅਰ (ਮੈਗਾ) ਨੇ ਹਾਜਰ ਜਨਤਾ ਨੂੰ ਸਨਅਤ ਵਲੋਂ ਦੱਸੀ ਗਈ ਜਗਾ ਤੇ ਵਾਧਾ ਕਰਨ ਲਈ ਉਪਰੋਕਤ ਦਰਸਾਈ ਕਲੀਅਰੈਂਸ ਲੈਣ ਵਾਸਤੇ ਜਮਾਂ ਕਰਵਾਈ ਗਈ ਅਰਜ਼ੀ ਤੇ ਫੈਸਲਾ ਲੈਣ ਤੋ ਪਹਿਲਾਂ ਲੋਕ ਸੁਣਵਾਈ ਕਰਨ ਦੀ ਜਰੂਰਤ ਬਾਰੇ ਵਿਸਥਾਰਪੂਰਵਕ ਦੱਸਿਆ । ਉਹਨਾਂ ਇਹ ਗੱਲ ਵੀ ਲੋਕਾਂ ਦੇ ਧਿਆਨ ਵਿੱਚ ਲਿਆਂਦੀ ਕਿ ਇੰਡਸਟਰੀ ਨੇ ਡਰਾਫਟ ਈ.ਆਈ.ਏ. ਰਿਪੋਰਟ ਦੀਆਂ ਨਕਲਾਂ ਸਮੇਤ ਕਾਰਜਕਾਰੀ ਖਲਾਸੇ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਦੇ ਦਫਤਰ ਵਿੱਚ ਦਾਖਿਲ ਕਰਵਾਏ ਸਨ, ਜਿਹਨਾਂ ਦੀ ਇਕ-ਇਕ ਕਾਪੀ ਦਫਤਰ ਡਿਪਟੀ ਕਮਿਸਨਰ, ਫਤਹਿਗੜ ਸਾਹਿਬ; ਜਨਰਲ ਮੈਨੇਜਰ, ਜਿਲਾ ਇੰਡਸਟਰੀਅਲ ਸੈਟਰ, ਫਤਹਿਗੜ ਸਾਹਿਬ ਐਟ ਮੰਡੀ ਗੋਬਿੰਦਗੜ; ਰਿਜਨਲ ਦਫਤਰ ਐਮ.ਓ.ਈ.ਐਫ., ਚੰਡੀਗੜ; ਕਾਰਜਕਾਰੀ ਅਫਸਰ, ਐਮ.ਸੀ., ਮੰਡੀ ਗੋਬਿੰਦਗੜ ਅਤੇ ਪੰਜਾਬ ਪ੍ਰਦੂਸਣ ਕੰਟਰੋਲ ਬੋਰਡ, ਖੇਤਰੀ ਦਫਤਰ, ਫਤਹਿਗੜ ਸਾਹਿਬ ਵਿੱਚ ਰਖੀ ਗਈ ਸੀ, ਤਾਂ ਜੋ ਉੱਥੇ ਪਬਲਿਕ (ਜਨਤਾ) ਅਤੇ ਹੋਰ ਤੱਲਕਦਾਰ ਇਹ ਕਾਗਜ ਪੱਤਰ ਵੇਖ ਸਕਣ । ਉਹਨਾਂ ਇਹ ਵੀ ਕਿਹਾ ਕਿ ਇਸ ਜਨਤਕ ਸੁਣਵਾਈ ਦੀ ਖਬਰ ਦੋ ਅਖਬਾਰਾਂ ਭਾਵ ਦੀ ਟ੍ਰਿਬਿਊਨ (ਅੰਗਰੇਜ਼ੀ) ਅਤੇ ਰੋਜਾਨਾ ਜੱਗਬਾਣੀ (ਪੰਜਾਬੀ) ਮਿਤੀ 25/04/2019 ਨੂੰ ਪ੍ਰਕਾਸਤ ਕੀਤੀ ਗਈ ਸੀ ਤਾਂ ਜੋ ਜਨਤਾ ਨੂੰ ਇਸ ਸੁਣਵਾਈ ਦੀ ਥਾਂ, ਤਾਰੀਖ ਅਤੇ ਸਮੇ ਦਾ ਪਤਾ ਲੱਗ ਜਾਵੇ ਅਤੇ ਜਨਤਾ ਨੂੰ ਇਹ ਵੀ ਪਤਾ ਲੱਗ ਜਾਵੇ ਕਿ ਈ.ਆਈ.ਏ. ਰਿਪੋਰਟ ਦਾ ਖਰੜਾ ਅਤੇ ਕਾਰਜਕਾਰੀ ਰਿਪੋਰਟ ਦਾ ਖੁਲਾਸਾ ਕਿਸ ਦਫਤਰ ਵਿੱਚ ਸੁਣਵਾਈ ਤੋ ਪਹਿਲਾਂ ਵੇਖਿਆ ਜਾ ਸਕਦਾ ਹੈ। ਉਪਰੰਤ ਉਹਨਾਂ ਪ੍ਰੋਜੈਕਟ ਪ੍ਰੋਪੋਨੈਂਟ ਦੇ ਨੁਮਾਇੰਦੇ ਜੋ ਕਿ ਸਨਅਤ ਦੇ ਵਾਤਾਵਰਣ ਸਲਾਹਕਾਰ ਵੀ ਹਨ ਨੂੰ ਕਿਹਾ ਕਿ ਉਹ ਆਪਣੇ ਪ੍ਰੋਜੈਕਟ ਬਾਰੇ ਅਤੇ ਈ.ਆਈ.ਏ.ਰਿਪੋਰਟ ਦੇ ਖਰੜੇ ਬਾਰੇ ਲੋਕਾਂ ਨੂੰ ਵਿਸਥਾਰ ਰੂਪ ਵਿੱਚ ਦੱਸਣ।

ਸ੍ਰੀ ਆਰ.ਐਸ ਰਾਣਾ ਮੈਸ: ਸੀ.ਪੀ.ਟੀ.ਐਲ, ਚੰਡੀਗੜ, ਪ੍ਰੋਜੈਕਟ ਪ੍ਰੋਪੋਨੈਂਟ ਦੇ ਵਾਤਾਵਰਣ ਸਲਾਹਕਾਰ ਨੇ ਜਨਤਾ ਨੂੰ ਪ੍ਰਸਤਾਵਿਤ ਵਾਧੇ ਦੇ ਪ੍ਰੋਜੈਕਟ ਬਾਰੇ ਵਿਸਥਾਰਪੂਰਵਕ ਹੇਠ ਲਿਖੇ ਅਨੁਸਾਰ ਬਿਆਨ ਕੀਤਾ:-

| | | | |
|---|---|---|---|
| 1. | ਪ੍ਰੋਜੈਕਟ ਦਾ ਨਾਂ | : | ਮੈਸ: ਗਿਆਨ ਕਾਸਟਿੰਗਜ਼ ਪ੍ਰਾਈਵੇਟ ਲਿਮਟਿਡ |
| 2. | ਪ੍ਰੋਜੈਕਟ ਦੀ ਕਿਸਮ | : | ਸੈਕੰਡਰੀ ਸਟੀਲ ਨਿਰਮਾਣ ਇਕਾਈ (ਵਿਸਥਾਰ) |
| 3. | ਸਥਾਨ | : | ਪਿੰਡ ਨਸਰਾਲੀ, ਸਾਹਮਣੇ 66 ਕੇ.ਵੀ. ਸਬ ਸਟੇਸ਼ਨ, ਗ੍ਰੇਨ ਮਾਰਕੀਟ, ਮੰਡੀ ਗੋਬਿੰਦਗੜ, ਜਿਲਾ ਫਤਹਿਗੜ ਸਾਹਿਬ ਦੀ ਰੈਵੀਨਿਯੂ ਐਸਟੇਟ ਵਿਖੇ ਸਥਿਤ ਹੈ, |
| 4. | ਭੱਠੀਆਂ | : | (i) ਮੌਜੂਦਾ : ਇੰਡਕਸ਼ਨ ਭੱਠੀ 6 ਟੀਪੀਐਚ,<br>(ii) ਪ੍ਰਸਤਾਵਿਤ: 1×10 ਐਂਡ 1×15 |

<table>
<tr><td></td><td></td><td></td><td colspan="2">ਟੀ.ਪੀ.ਐਚ ਇਡਕਸ਼ਨ ਫਰਨਸ ਅਤੇ ਇੱਕ ਰੋਲਿੰਗ ਮਿੱਲ<br>(iii) ਕੁਲ, ਪ੍ਰਸਤਾਵਿਤ ਵਾਧੇ ਤੋਂ ਬਾਅਦ: 1×10 ਐਂਡ 1×15 ਟੀ.ਪੀ.ਐਚ ਇਡਕਸ਼ਨ ਫਰਨਸ ਅਤੇ ਇੱਕ ਰੋਲਿੰਗ ਮਿੱਲ</td></tr>
<tr><td>5.</td><td>5 ਕਿ.ਮੀ ਦੇ ਘੇਰੇ ਦੀਆਂ ਵਿਸ਼ੇਸ਼ਤਾਵਾਂ</td><td>(i)<br>(ii)<br>(iii)<br>(iv)<br>(v)<br>(vi)</td><td colspan="2">ਪੁਰਾਤੱਤਵ ਮਹੱਤਵਪੂਰਣ ਸਥਾਨ ---- Nil<br>ਜੰਗਲੀ ਜੀਵਨ ਅਸਥਾਨ ---- Nil<br>ਰਿਜ਼ਰਵਡ/ ਸੁਰੱਖਿਅਤ ਜੰਗਲ ---- Nil<br>ਇਤਿਹਾਸਕ ਸਥਾਨ ---- Nil<br>ਨਦੀ/ਨਹਿਰ ---- Nil<br>ਉਦਯੋਗ ---- ਹਰ ਤਰਾਂ ਦੇ</td></tr>
<tr><td>6.</td><td>ਕੁਲ ਜ਼ਮੀਨ</td><td>:</td><td colspan="2">3.02 ਏਕੜ । ਵਿਸਥਾਰ ਲਈ ਹੋਰ ਜਮੀਨ ਦੀ ਲੋੜ ਨਹੀਂ ।</td></tr>
<tr><td rowspan="3">7.</td><td>ਉਤਪਾਦ ਦਾ ਨਾਮ</td><td>ਮੌਜੂਦਾ (ਟਨ ਪ੍ਰਤੀ ਸਲਾਨਾ)</td><td>ਪ੍ਰਸਤਾਵਿਤ (ਟਨ ਪ੍ਰਤੀ ਸਲਾਨਾ)</td><td>ਕੁੱਲ (ਟਨ ਪ੍ਰਤੀ ਸਲਾਨਾ)</td></tr>
<tr><td>ਸਟੀਲ ਇੰਗਟਸ/ਬਿਲੈਟਸ ਅਤੇ ਸਟੀਲ ਕਾਸਟਿੰਗਜ</td><td>27,300</td><td>77,700</td><td>1,05,000</td></tr>
<tr><td>ਰੌਡਜ਼, ਸਕੇਅਰ, ਟੀ.ਐਮ.ਟੀ./ਐਮ.ਐਸ ਬਾਰਜ਼, ਐਗਲਜ਼, ਚੈਨਲਜ਼, ਫਲੈਟਸ ਆਦਿ</td><td>ਨਿਲ</td><td>80,000</td><td>80,000</td></tr>
<tr><td rowspan="5">8.</td><td colspan="4">ਕੱਚਾ ਮਾਲ/ਸ੍ਰੋਤ</td></tr>
<tr><td>ਉਤਪਾਦ ਦਾ ਨਾਮ</td><td>ਮੌਜੂਦਾ (ਟਨ/ਸਲਾਨਾ)</td><td>ਪ੍ਰਸਤਾਵਿਤ (ਟਨ/ਸਲਾਨਾ)</td><td>ਕੁਲ (ਟਨ/ਸਲਾਨਾ)</td></tr>
<tr><td>ਐਮ ਐਸ ਸਕਰੈਪ,</td><td>29,880</td><td>85,238</td><td>1,15,118</td></tr>
<tr><td>ਫਰੋ ਅਲਾਇਜ਼</td><td>250</td><td>1,278</td><td>1,528</td></tr>
<tr><td>ਸਰੋਤ ਅਤੇ ਆਵਾਜਾਈ</td><td colspan="3">ਸਥਾਨਕ ਅਤੇ ਅੰਤਰਰਾਸਟਰੀ ਬਜ਼ਾਰ ਅਤੇ ਆਵਾਜਾਈ ਕਵਰ ਕੀਤੇ ਟਰੱਕਾਂ ਨਾਲ ਹੋਵੇਗੀ</td></tr>
</table>

| | | | |
|---|---|---|---|
| 9. | ਕਾਮਿਆਂ ਦੀ ਗਿਣਤੀ | : | ਮੌਜੂਦਾ – 60<br>ਪ੍ਰਸਤਾਵਿਤ – 65<br>ਕੁੱਲ – 125 |
| 10. | ਪ੍ਰੋਜੈਕਟ ਦੀ ਲਾਗਤ (ਰੁਪਏ) | : | ਮੌਜੂਦਾ – 08.00 ਕਰੋੜ<br>ਪ੍ਰਸਤਾਵਿਤ – 10.00 ਕਰੋੜ<br>ਕੁੱਲ – 18.00 ਕਰੋੜ |
| 11. | ਪ੍ਰਦੂਸ਼ਣ ਕੰਟਰੋਲ ਸਿਸਟਮ ਦੀ ਲਾਗਤ (ਰੁਪਏ), ਓਐਚਐਸ, ਰਿਸਕ ਹਜਾਰਡਸ, ਕੰਟਰੋਲ | : | 70 ਲੱਖ ਅਤੇ<br>10 ਲੱਖ (ਆਵਰਤੀ) ਸਲਾਨਾ |
| 12. | ਲੋੜੀਦੀ ਬਿਜਲੀ (KW) | : | ਮੌਜੂਦਾ 3900<br>ਪ੍ਰਸਤਾਵਿਤ 6100<br>ਕੁੱਲ 10,000 |
| 13. | ਬਿਜਲੀ ਦਾ ਸ੍ਰੋਤ | : | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ |
| 14. | ਲੋੜੀਦੀ ਪਾਣੀ (ਕਿਲੋ ਲੀਟਰ ਪ੍ਰਤੀ ਦਿਨ) | : | ਮੌਜੂਦਾ ਪ੍ਰਸਤਾਵਿਤ ਕੁੱਲ<br>ਘਰੇਲੂ 3.0 3.0 6.0<br>ਠੰਡਾ ਕਰਨਾ 4.0 25.0 29.0<br>ਕੁੱਲ 7.0 28.0 35.0 |
| 15. | ਪ੍ਰਦੂਸ਼ਿਤ ਪਾਣੀ ਦਾ ਮਾਤਰਾ | : | ਘਰੇਲੂ = 4.8 (ਕਿਲੋ ਲੀਟਰ ਪ੍ਰਤੀ ਦਿਨ)<br>ਠੰਡਾ ਕਰਨਾ = ਨਿਲ (ਸਾਰਾ ਠੰਡਾ ਕਰਨ ਵਾਲਾ ਪਾਣੀ ਮੁੜ ਸਰਕੂਲੇਸ਼ਨ ਵਿੱਚ ਲਿਆਂਦਾ ਜਾਵੇਗਾ) |
| 16. | ਪ੍ਰਦੂਸ਼ਤ ਪਾਣੀ ਦਾ ਸ਼ੁੱਧੀਕਰਨ | : | ਘਰੇਲੂ ਗੰਦੇ ਪਾਣੀ ਨੂੰ ਸੈਪਟਿਕ ਟੈਂਕ/ ਐਸ.ਟੀ.ਪੀ ਰਾਂਹੀ ਟਰੀਟ ਕੀਤਾ ਜਾਂਦਾ ਹੈ/ਕੀਤਾ ਜਾਵੇਗਾ । ਜੋ ਕਿ ਪ੍ਰੋਜੈਕਟ ਪਰਿਸ਼ਰ ਦੇ ਅੰਦਰ ਹੈ । ਸ਼ੁੱਧ ਕੀਤਾ ਪਾਣੀ ਦਾ ਇਸਤੇਮਾਲ ਅੰਦਰ ਲਗਾਏ ਗਏ ਪੌਦਿਆਂ ਅਤੇ ਲੈਂਡਸਕੈਪਿੰਗ ਲਈ ਕੀਤਾ ਜਾਂਦਾ ਹੈ/ਕੀਤਾ ਜਾਵੇਗਾ। |
| 17. | ਵਾਯੂਮੰਡਲ ਹਵਾ ਦੀ ਗੁਣਵੱਤਾ | : | ਪੀ.ਐਮ.$_{2.5}$, ਪੀ.ਐਮ.$_{10}$, ਸਲਫਰ ਡਾਈਆਕਸਾਈਡ, ਨਾਈਟ੍ਰੋਜਨ ਡਾਈਆਕਸਾਈਡ ਅਤੇ ਕਾਰਬਨ ਮੋਨੋਆਸਾਈਡ ਪੱਧਰ ਦੇ ਤਿੰਨ ਮਹੀਨਿਆਂ (ਅਕਤੂਬਰ-ਦਸੰਬਰ, 2018) ਲਈ ਅੱਠ ਥਾਵਾਂ ਦਾ ਅਧਿਐਨ ਕੀਤਾ ਗਿਆ। ਪੀ. 98 ਪ੍ਰਦੂਸ਼ਕਾਂ ਦੇ ਮਾਪਦੰਡ ਹੇਠ ਲਿਖੇ ਅਨੁਸਾਰ ਹਨ:- |

| | | | |
|---|---|---|---|
| | | | (i) ਪੀ.ਐਮ.$_{2.5}$ – 52.3 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ,<br>(ii) ਪੀ.ਐਮ.$_{10}$ – 92.5 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ,<br>(iii) ਸਲਫਰ ਡਾਈਆਕਸਾਈਡ – 16.7 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ,<br>(iv) ਨਾਈਟ੍ਰੋਜਨ ਡਾਈਆਕਸਾਈਡ – 47.3 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ ਅਤੇ<br>(v) ਕਾਰਬਨ ਮੋਨੋਆਕਸਾਈਡ– 0.64 ਮਿਲੀਗ੍ਰਾਮ / ਮੀਟਰ ਘਣ ਹੈ।<br><br>ਬੇਸਲਾਈਨ ਹਵਾ ਗੁਣਵੱਤਾ ਪੱਧਰੀ ਰਿਹਾਇਸ਼ੀ ਅਤੇ ਉਦਯੋਗਿਕ ਖੇਤਰ ਲਈ ਨਿਰਧਾਰਤ ਨੈਸ਼ਨਲ ਅੰਬੀਨਟ ਏਅਰ ਕੁਆਲਿਟੀ ਸਟੈਂਡਰਡ ਦੇ ਅੰਦਰ ਹਨ (ਮਿਆਰਾਂ ਅਨੁਸਾਰ ਕ੍ਰਮਵਾਰ ਪੀ.ਐਮ.$_{2.5}$, ਪੀ.ਐਮ.$_{10}$, ਸਲਫਰ ਡਾਈਆਕਸਾਈਡ ਲਈ 60, 100, 80 ਅਤੇ 80 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ) । |
| 18. | ਪਾਣੀ ਦੀ ਗੁਣਵੱਤਾ | : | ਰਸਾਇਣਿਕ ਅਤੇ ਜੈਵਿਕ ਵਿਸ਼ਲੇਸ਼ਣ ਲਈ ਅਧਿਐਨ ਖੇਤਰ ਤੋ ਅੱਠ ਧਰਤੀ ਹੇਠਲੇ ਪਾਣੀ ਦੇ ਨਮੂਨੇ ਅਤੇ ਇਕ ਸਤਹ ਪਾਣੀ ਦੇ ਨਮੂਨੇ ਇਕੱਤਰ ਕੀਤੇ ਗਏ ਸਨ। ਅਧਿਐਨ ਖੇਤਰ ਦੇ ਭੂਮੀਗਤ ਪਾਣੀ ਦੀ ਗੁਣਵੱਤਾ ਸੰਤੋਸ਼ਜਨਕ ਹੈ। ਪਾਣੀ ਦੀ ਗੁਣਵੱਤਾ ਵਿੱਚ ਕੋਈ ਧਾਤ ਜਾਂ ਜਰਾਸੀਮੀ ਦੂਸ਼ਿਤ ਪਦਾਰਥ ਪਾਇਆ ਗਿਆ ਹੈ। ਪਰ ਅਧਿਐਨ ਖੇਤਰ ਦੇ ਸਤਹਿ ਪਾਣੀ ਦੇ ਨਮੂਨੇ ਬੈਕਟਰਿਅਲ ਦੂਸ਼ਿਤ ਪਾਏ ਗਏ। |
| 19. | ਸ਼ੋਰ ਵਾਤਾਵਰਣ | : | ਅਧਿਐਨ ਖੇਤਰ ਵਿੱਚ 8 ਸਥਾਨਾਂ ਤੇ ਵਾਤਾਵਰਨ ਸ਼ੋਰ ਦੇ ਪੱਧਰ ਤੇ ਨਿਗਰਾਨੀ ਕੀਤੀ ਗਈ। ਅਧਿਐਨ ਖੇਤਰ ਵਿੱਚ ਸ਼ੋਰ ਪੱਧਰ 45.8 ਡੀ.ਬੀ.(ਏ) ਤੋ 73.3 ਡੀ.ਬੀ. (ਏ) ਦਿਨ ਦੇ ਸਮੇ ਅਤੇ 33.2 ਡੀ.ਬੀ.(ਏ) ਤੋਂ 64.5 ਡੀ.ਬੀ.(ਏ) ਰਾਤ ਦੇ ਸਮੇਂ ਤੱਕ ਵੱਖ-ਵੱਖ ਥਾਵਾ ਤੇ ਮਾਪਿਆ ਗਿਆ । ਪ੍ਰੋਜੈਕਟ ਸਾਈਟ ਤੇ ਸਭ ਤੋ ਉਚੇ ਪੱਧਰਾਂ ਨੂੰ ਦੇਖਿਆ ਗਿਆ। ਬੇਸਲਾਈਨ ਸ਼ੋਰ ਦਾ ਪੱਧਰ ਰਾਸ਼ਟਰੀ ਮਾਨਕਾਂ ਦੇ ਅੰਦਰ ਚੰਗੀ ਤਰਾਂ ਕੀਤਾ ਗਿਆ। ਬਿਹਤਰ ਪ੍ਰਦੂਸ਼ਣ ਨਿਯੰਤਰਣ ਦੀ ਸਹੂਲਤ ਦੇ ਕਾਰਨ ਪ੍ਰਸਤਾਵਿਤ ਪਸਾਰ ਦਾ ਵਾਤਾਵਰਣ ਉਪਰ ਅਸਰ ਘੱਟ ਹੋਵੇਗਾ। |

| | | | |
|---|---|---|---|
| 20. | ਮਿੱਟੀ ਦੀ ਗੁਣਵੱਤਾ | : | ਅਧਿਐਨ ਖੇਤਰ ਤੋ ਅੱਠ ਮਿੱਟੀ ਦੇ ਨਮੂਨੇ ਇੱਕਤਰ ਕੀਤੇ ਗਏ ਸਨ ਅਤੇ ਵਿਸ਼ਲੇਸ਼ਣ ਕੀਤਾ ਗਿਆ ਸੀ। ਮਿੱਟੀ ਦੀ ਜੈਵਿਕ ਪਦਾਰਥ, ਨਾਈਟ੍ਰੋਜਨ, ਪੋਟਾਸ਼ੀਅਮ ਅਤੇ ਫਾਸਫੋਰਸ ਸਮੱਗਰੀ ਮੱਧਮ ਹੈ। ਸਾਰੇ ਮਿੱਟੀ ਦੇ ਨਮੂਨਿਆਂ ਦੇ pH ਸਵੀਕਾਰਯੋਗ ਸੀਮਾ ਦੇ ਅੰਦਰ ਹਨ। ਪ੍ਰਸਤਾਵਿਤ ਪਲਾਟ ਦਾ ਮਿੱਟੀ ਤੇ ਕੋਈ ਅਸਰ ਨਹੀ ਹੋਵੇਗਾ। |
| 21. | ਖਤਰਨਾਕ ਕਚਰਾ | : | ਹਵਾ ਪ੍ਰਦੂਸ਼ਣ ਕੰਟਰੋਲ ਯੰਤਰ ਚੋ ਨਿਕਲਿਆ ਕਚਰਾ ਮੈਟਲ ਰਿਕਵਰੀ ਲਈ ਮੈਸ: ਮਾਧਵ ਅਲਾਇਜ਼ ਪ੍ਰਾਈਵੇਟ ਲਿਮਟਿਡ ਵਿਖੇ ਭੇਜਿਆ ਜਾਵੇਗਾ । ਜੇਕਰ ਮੈਸ: ਮਾਧਵ ਅਲਾਇਜ਼ ਪ੍ਰਾਈਵੇਟ ਲਿਮਟਿਡ ਵਲੋ ਇਹ ਵੇਸਟ ਲੈਣ ਤੋਂ ਮਨਾਂ ਕੀਤਾ ਜਾਂਦਾ ਹੈ ਤਾਂ ਇਸ ਦੀ ਡਿਸਪੋਜ਼ਲ ਲਈ ਇਹ ਟੀ.ਐਸ.ਡੀ.ਐਫ ਨਿੰਬੂਆਂ ਵਿਖੇ ਭੇਜ਼ ਦਿੱਤਾ ਜਾਵੇਗਾ ਜਿਸ ਲਈ ਉਨ੍ਹਾਂ ਵਲੋ ਟੀ.ਐਸ.ਡੀ.ਐਫ, ਨਿੰਬੂਆਂ ਤੋਂ ਮੈਂਬਰਸਿਪ ਲਈ ਹੋਈ ਹੈ । ਜਨਰੇਟਰ ਵਿੱਚ ਵਰਤਿਆ ਹੋਇਆ ਤੇਲ ਡਰਮ ਵਿੱਚ ਰੱਖਿਆ ਜਾਵੇਗਾ ਅਤੇ ਆਥੋਰਾਈਡਜਡ ਰੀਸਾਇਕਲਰ ਨੂੰ ਵੇਚ ਦਿੱਤਾ ਜਾਵੇਗਾ। |
| 22. | ਹਵਾ ਪ੍ਰਦੂਸ਼ਣ ਕੰਟਰੋਲ | : | ਆਵਰਤੀ ਭੱਠੀਆਂ ਦੇ ਉਪਰ ਨਵੀਂ ਤਕਨੀਕ ਦਾ ਬੈਗ ਫਿਲਟਰ ਹਵਾ ਪ੍ਰਦੂਸ਼ਣ ਰੋਕਥਾਮ ਯੰਤਰ ਦੇ ਵਜੋ ਲਗਾਇਆ ਜਾਵੇਗਾ ਅਤੇ ਰੋਲਿੰਗ ਮਿੱਲ ਉਪਰ ਵੈਟ ਸਕਰਬਰ ਹਵਾ ਪ੍ਰਦੂਸ਼ਣ ਰੋਕਥਾਮ ਯੰਤਰ ਦੇ ਵਜੋ ਲਗਾਇਆ ਜਾਵੇਗਾ । |
| 23. | ਠੋਸ ਕਚਰਾ | : | ਭੱਠੀ ਚੋ ਨਿਕਲੀ ਹੋਈ ਸਲੈਗ ਨੂੰ ਟਾਇਲਾਂ ਅਤੇ ਕੰਨਕਰੀਟ ਬਲਾਕ ਬਨਾਉਣ ਲਈ ਵਰਤਿਆ ਜਾਵੇਗਾ ਜਿਸ ਲਈ ਉਹ ਟਾਇਲ/ਕੰਨਕਰੀਟ ਬਲਾਕ ਨਿਰਮਾਤਾਵਾਂ ਨਾਲ ਲਿਖਿਤ ਸਮਝੋਤਾ ਕਰਨਗੇ । ਕੁਝ ਸਲੈਗ ਚੂਰਾ ਕਰਨ ਤੋ ਬਾਅਦ ਸੜਕ ਬਨਾਉਣ ਦੇ ਕੰਮ ਜਾਂ ਨੀਵੀਂ ਜਗਾ ਨੂੰ ਭਰਣ ਦੇ ਕੰਮ ਵਿੱਚ ਵਰਤਿਆ ਜਾਵੇਗਾ । |

| | | | |
|---|---|---|---|
| 24. | ਵਾਤਾਵਰਣ ਨਿਗਰਾਨੀ ਸੈੱਲ | 1.<br>2.<br>3. | ਵਾਤਾਵਰਣ ਨਿਗਰਾਨੀ ਸੈੱਲ ਹੇਠ ਲਿਖੇ ਅਨੁਸਾਰ ਹੋਵੇਗੀ<br>ਮਾਲਕ<br>ਪ੍ਰੋਜੈਕਟ ਇੰਚਾਰਜ<br>ਵਾਤਾਵਰਨ ਸਲਾਹਕਾਰ<br>ਵਾਤਾਵਰਣ ਨਿਗਰਾਨੀ ਸੈੱਲ ਇਹ ਸੁਨਸਚਿਤ ਕਰੇਗਾ ਕਿ:-<br>(1) ਵਾਤਾਵਰਣ ਮੋਨਟਰਿੰਗ ਪ੍ਰੋਗਰਾਮ ਸਮੇਂ ਸਮੇਂ ਤੇ ਕੀਤਾ ਜਾਵੇ ।<br>(2) ਬੋਰਡ ਵਲੋਂ ਨਿਰਧਾਰਤ ਸਟੈਡਰਡ ਓਪਰੇਟਿੰਗ ਪ੍ਰੈਕਟਿਸ ਨੂੰ ਇੰਨ ਬਿੰਨ ਲਾਗੂ ਕੀਤਾ ਜਾਵੇ । |
| 25. | ਸੀ.ਈ.ਆਰ ਗਤੀਵਿਧੀਆਂ | : | ਇੰਡਸਟਰੀ ਵਲੋਂ 10 ਲੱਖ ਰੁਪਏ, ਵਾਤਾਵਰਣ, ਜੰਗਲਾਤ ਅਤੇ ਮੋਸਮ ਤਬਦੀਲੀ ਮੰਤਰਾਲਾ ਨਵੀਂ ਦਿੱਲੀ ਵਲੋਂ ਜਾਰੀ ੳ.ਐਮ ਮਿਤੀ 01/05/2018 ਤਹਿਤ ਸੀ.ਈ.ਆਰ ਗਤੀਵਿਧੀਆਂ ਤੇ ਜਿਲਾ ਪ੍ਰਸ਼ਾਸਨ ਦੀ ਸਲਾਹ ਨਾਲ ਖਰਚ ਕੀਤੇ ਜਾਣਗੇ । |

ਇਸ ਤੋ ਪਿੱਛੋ ਵਾਤਾਵਰਣ ਇੰਜੀਨੀਅਰ (ਮੈਗਾ) ਨੇ ਲੋਕਾਂ ਨੂੰ ਦੱਸਿਆ ਕਿ ਈ.ਆਈ.ਏ. ਦੇ ਨੋਟੀਫਿਕੇਸਨ ਮਿਤੀ 14.9.2006 ਦੇ ਮੁਤਾਬਿਕ ਮੌਕੇ ਤੇ ਮੌਜੂਦ ਲੋਕ ਪ੍ਰਾਜੈਕਟ ਪ੍ਰਮੋਟਰ ਕੋਲੋ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹਾਸਲ ਕਰ ਸਕਦੇ ਹਨ ਅਤੇ ਆਪਣੇ ਸੁਝਾਓ ਜਾਂ ਇਤਰਾਜ਼ ਦੇ ਸਕਦੇ ਹਨ । ਇਹ ਵੀ ਮੌਕੇ ਤੇ ਮੌਜੂਦ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਉਹਨਾਂ ਵੱਲੋ ਮੰਗੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲੇ ਵੱਲੋ ਦਿੱਤੇ ਜਵਾਬ ਕਾਰਵਾਈ ਵਿੱਚ ਦਰਜ ਕੀਤੇ ਜਾਣਗੇ। ਇਹ ਕਾਰਵਾਈ ਸੀਆ ਪੰਜਾਬ ਨੂੰ ਇਸੇ ਤਰਾਂ ਅਗਲੇਰੀ ਕਾਰਵਾਈ ਕਰਨ ਲਈ ਭੇਜੀ ਜਾਵੇਗੀ । ਇਸ ਲਈ ਉਹਨਾਂ ਲੋਕਾਂ ਨੂੰ ਗੁਜਾਰਿਸ ਕੀਤੀ ਕਿ ਉਹ ਇੱਕ ਇੱਕ ਕਰਕੇ ਪ੍ਰੋਜੈਕਟ ਬਾਰੇ ਜਾਣਕਾਰੀ ਜਾਂ ਸਪੱਸ਼ਟੀਕਰਣ ਮੰਗ ਸਕਦੇ ਹਨ ਜਾਂ ਇਤਰਾਜ਼, ਜੇਕਰ ਹੋਵੇ ਤਾਂ ਦੇ ਸਕਦੇ ਹਨ । ਉਹਨਾਂ ਇਹ ਵੀ ਦੱਸਿਆ ਕਿ ਹੁਣ ਤੱਕ ਪ੍ਰਾਜੈਕਟ ਬਾਰੇ ਲਿਖਤੀ ਰੂਪ ਵਿੱਚ ਟਿੱਪਣੀ, ਕੋਈ ਸੁਝਾਅ, ਇਤਰਾਜ ਜਾਂ ਰਾਏ ਜਨਤਾ ਵੱਲੋ ਬੋਰਡ ਨੂੰ ਨਹੀ ਮਿਲੇ ਹਨ।

ਇਸ ਤੋ ਪਿੱਛੋ ਮੌਕੇ ਤੇ ਮੌਜੂਦ ਲੋਕਾਂ ਵੱਲੋ ਪੁੱਛੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲਿਆਂ ਵੱਲੋ ਦਿੱਤੇ ਜਵਾਬ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ: | ਵਿਅਕਤੀ ਦਾ ਨਾਂ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਵਿਸਥਾਰ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਜਵਾਬ |
|---|---|---|---|
| 1 | ਸ੍ਰੀ ਸੁਰਜੀਤ ਸਿੰਘ, ਵਾਸੀ ਪਿੰਡ ਅਲੀਪੁਰ, ਜਿਲਾ ਫਤਹਿਗੜ ਸਾਹਿਬ | ਉਸ ਨੇ ਕਿਹਾ ਕਿ ਫੈਕਟਰੀਆਂ ਦੇ ਲੱਗਣ ਨਾਲ ਰੁਜਗਾਰ ਦੇ ਮੋਕੇ ਪੈਦਾ ਹੁੰਦੇ ਹਨ। | ਕੰਪਨੀ ਦੇ ਵਾਤਾਵਰਣ ਸਲਾਹਕਾਰ ਨੇ ਦੱਸਿਆ ਕਿ ਸਥਾਨਿਕ ਲੋਕਾਂ ਨੂੰ ਰੁਜਗਾਰ ਵਿੱਚ ਤਰਜੀਹ ਦਿੱਤੀ ਜਾਵੇਗੀ। |
| 2 | ਸ੍ਰੀ ਸੁਖਪਾਲ ਕੋਰ, ਵਾਸੀ ਰਾਮ ਨਗਰ, ਜਿਲਾ ਫਤਹਿਗੜ ਸਾਹਿਬ | ਉਸਨੇ ਕਿਹਾ ਕਿ ਉਸਦਾ ਨਿਵਾਸ ਇੰਡਸਟਰੀ ਦੇ ਬਿਲਕੁਲ ਨਾਲ ਹੈ। ਉਸਨੇ ਅੱਗੇ ਕਿਹਾ ਕਿ ਜਦੋਂ ਇੰਡਸਟਰੀ ਸਥਾਪਿਤ ਹੋਈ ਸੀ ਉਸ ਸਮੇਂ ਕੋਈ ਸਮੱਸਿਆ ਨਹੀਂ ਸੀ, ਪ੍ਰੰਤੂ ਹੁਣ ਇੱਥੇ ਬਹੁਤ ਪ੍ਰਦੂਸ਼ਣ ਹੋ ਰਿਹਾ ਹੈ । ਉਸਨੇ ਇਹ ਵੀ ਕਿਹਾ ਕਿ ਜੋ ਟਰੱਕ ਕੱਚਾ ਮਾਲ ਲਿਆਉਣ ਅਤੇ ਪ੍ਰੋਡਕਟਸ ਲੈ ਕੇ ਜਾਣ ਲਈ ਆਉਂਦੇ ਜਾਂਦੇ ਹਨ ਉਹਨਾਂ ਨਾਲ ਬਹੁਤ ਪ੍ਰਦੂਸ਼ਣ ਪੈਦਾ ਹੁੰਦਾ ਹੈ । ਇੰਡਸਟਰੀ ਬਹੁਤ ਧੂੰਆਂ ਛੱਡਦੀ ਹੈ । ਉਸਨੇ ਕਿਹਾ ਕਿ ਉਹ ਨਹੀਂ ਜਾਣਦੀ ਕਿ ਇੰਡਸਟਰੀ ਵਿੱਚ ਕੀ ਜਲਾਇਆ ਜਾਂਦਾ ਹੈ ਪਰ ਉਸ ਨਾਲ ਉਹ ਅਤੇ ਉਸਦੇ ਬੱਚੇ ਕਈ ਬਿਮਾਰੀਆਂ ਤੋਂ ਪੀੜਤ ਹਨ ਜਿਸ ਲਈ ਉਹ ਪੀ.ਜੀ.ਆਈ ਚੰਡੀਗੜ ਤੋਂ ਇਲਾਜ਼ ਕਰਵਾ ਰਹੀ ਹੈ। ਇੰਡਸਟਰੀ ਤੋਂ ਪ੍ਰਦੂਸ਼ਣ ਬੰਦ ਹੋਣਾ ਚਾਹੀਦਾ ਹੈ। ਇੰਡਸਟਰੀ ਤੋਂ ਪੈਦਾ ਹੁੰਦੇ ਵਾਈਬ੍ਰੇਸ਼ਨ ਨਾਲ, ਉਸ ਦੇ ਘਰ ਦੇ ਪੱਥਰ (ਫਲੋਰ) ਵਿੱਚ ਦਰਾੜ ਪੈਦਾ ਹੋ ਗਈ ਹੈ। ਉਸਨੇ ਅੱਗੇ ਕਿਹਾ ਕਿ ਉਹ ਇੰਡਸਟਰੀ ਦੇ ਮਾਲਕ ਨੂੰ ਕਈ ਵਾਰ ਮਿਲੀ ਹੈ ਅਤੇ ਇਸ ਸਮੱਸਿਆ ਦਾ ਹੱਲ ਕੱਢਣ ਲਈ ਕਿਹਾ ਹੈ, ਪ੍ਰੋਜੈਕਟ ਦੇ ਮਾਲਕਾਂ ਵਲੋਂ ਉਸ ਨੂੰ ਇਸ ਸੰਬੰਧ ਵਿੱਚ | ਕੰਪਨੀ ਦੇ ਵਾਤਾਵਰਣ ਸਲਾਹਕਾਰ ਨੇ ਦੱਸਿਆ ਕਿ ਇੰਡਸਟਰੀ ਤੋਂ ਪਾਣੀ ਅਤੇ ਸ਼ੋਰ ਪ੍ਰਦੂਸ਼ਣ ਨਹੀਂ ਹੋਵੇਗਾ। ਇੰਡਸਟਰੀ ਵਲੋਂ ਲੋਡਿੰਗ ਅਤੇ ਅਨਲੋਡਿੰਗ ਦਿਨ ਸਮੇਂ ਹੀ ਕੀਤੀ ਜਾਵੇਗੀ। ਜਿੱਥੋਂ ਤੱਕ ਇੰਡਸਟਰੀ ਵਲੋਂ ਧੂੰਆਂ ਛੱਡਣ ਦਾ ਸੰਬੰਧ ਹੈ, ਪੰਜਾਬ ਪ੍ਰਦੂਸ਼ਣ ਰੋਕਥਾਮ ਵਲੋਂ ਅਜਿਹੀਆਂ ਇੰਡਸਟਰੀਆਂ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾ ਰਹੀ ਹੈ ਇਸ ਕਰਕੇ ਇੰਡਸਟਰੀ ਵਲੋਂ ਪੀਐਸਸੀਐਸਟੀ ਵਲੋਂ ਤਿਆਰ ਕੀਤੇ ਡਿਜਾਈਨ ਦਾ ਸਾਈਡ ਸਕਸਨ ਹੁੱਡ ਲਗਾਇਆ ਗਿਆ ਹੈ। ਉਸ ਨੇ ਅੱਗੇ ਦੱਸਿਆ ਕਿ ਭਵਿੱਖ ਵਿੱਚ ਸਕਰੈਪ ਯਾਰਡ ਵਸੋ ਵਾਲੇ ਪਾਸੇ ਤੋਂ ਸਿਫਟ ਕੀਤਾ ਜਾਵੇਗਾ।<br>ਜਨਤਾ ਨੂੰ ਕੰਪਨੀ ਦੇ ਵਾਤਾਵਰਣ ਸਲਾਹਕਾਰ ਵਲੋਂ ਦਿੱਤੀ ਗਈ ਜਾਣਕਾਰੀ ਤੋਂ ਸੰਤੁਸਟ ਨਾ ਦੇਖਦੇ ਹੋਏ, ਵਧੀਕ ਡਿਪਟੀ ਕਮਿਸ਼ਨਰ, ਫਤਹਿਗੜ ਸਾਹਿਬ ਨੇ ਸ੍ਰੀ ਮੋਹਿਤ ਸਿੰਗਲਾ, ਸਹਾਇਕ ਵਾਤਾਵਰਣ ਇੰਜੀਨੀਅਰ, ਖੇਤਰੀ ਦਫਤਰ, ਫਤਹਿਗੜ ਸਾਹਿਬ ਨੂੰ ਨਿਰਦੇਸ਼ ਦਿੱਤੇ ਕਿ ਉਹ ਸਿਕਾਇਤਕਰਤਾਵਾਂ ਨਾਲ ਜਾਕੇ ਝਗੜੇ ਵਾਲੀ ਜਗਾ ਦਾ ਮੁਆਇੰਨਾ ਕਰਕੇ ਆਵੇ ਅਤੇ ਰਿਪੋਰਟ ਦੇਵੇ। ਵਾਤਾਵਰਣ ਇੰਜੀਨੀਅਰ (ਮੈਗਾ) ਨੇ ਦੱਸਿਆ ਕਿ ਜਦੋਂ ਤੱਕ ਸਹਾਇਕ ਵਾਤਾਵਰਣ ਇੰਜੀਨੀਅਰ, ਖੇਤਰੀ |

| | | | |
|---|---|---|---|
| | | ਭਰੋਸਾ ਦਿੱਤਾ ਹੈ ਪਰ ਅਜੇ ਤੱਕ ਇਸ ਸਮੱਸਿਆ ਦਾ ਕੋਈ ਹੱਲ ਨਹੀਂ ਕੱਢਿਆ। ਉਸਨੇ ਇਹ ਵੀ ਕਿਹਾ ਕਿ ਕੱਚੇ ਮਾਲ ਵਿੱਚ ਸਿਲੰਡਰ ਵੀ ਵਰਤੇ ਜਾਂਦੇ ਹਨ ਅਤੇ ਜਦੋਂ ਉਹ ਕੱਟ ਕੇ ਭੱਠੀ ਵਿੱਚ ਪਾਏ ਜਾਂਦੇ ਹਨ ਜਿਸ ਨਾਲ ਬਹੁਤ ਪ੍ਰੇਸ਼ਾਨੀ ਹੁੰਦੀ ਹੈ। ਉਸਨੇ ਅੱਗੇ ਕਿਹਾ ਕਿ ਇੰਡਸਟਰੀ ਵਲੋਂ ਕੱਚਾ ਮਾਲ (ਸਕਰੈਪ) ਉਸ ਦੇ ਘਰ ਦੇ ਨਾਲ ਰੱਖਿਆ ਹੋਇਆ ਹੈ ਜੋ ਕਿ ਬਹੁਤ ਪ੍ਰੇਸ਼ਾਨੀ ਪੈਦਾ ਕਰਦਾ ਹੈ। ਉਸਨੇ ਇਹ ਵੀ ਕਿਹਾ ਕਿ ਇੰਡਸਟਰੀ ਹਰ ਘੰਟੇ ਬਾਅਦ ਹੂੱਟਰ ਵਜਾਉਂਦੀ ਹੈ ਜਿਸ ਨਾਲ ਬਹੁਤ ਜਿਆਦਾ ਪ੍ਰੇਸਾਨੀ ਹੁੰਦੀ ਹੈ । ਉਸਨੇ ਮੰਗ ਕੀਤੀ ਕਿ ਸਕਰੈਪ ਯਾਰਡ ਉਸ ਦੇ ਘਰ ਤੋਂ ਦੂਰ ਸਿਫਟ ਕੀਤਾ ਜਾਵੇ। | ਦਫਤਰ, ਫਤਹਿਗੜ ਸਾਹਿਬ ਦੀ ਮੋਕਾ ਦੇਖਕੇ ਰਿਪੋਰਟ ਨਹੀਂ ਆ ਜਾਂਦੀ ਉਦੋਂ ਤੱਕ ਜਨਤਾ ਵਿੱਚ ਕੋਈ ਵੀ ਪ੍ਰਸ਼ਨ/ਇਤਰਾਜ਼/ਸੁਝਾਅ ਦੇ ਸਕਦਾ ਹੈ। |
| 3 | ਸ੍ਰੀ ਲਖਵਿੰਦਰ ਸਿੰਘ, ਵਾਸੀ ਗੁਰੂ ਕੀ ਨਗਰੀ, ਮੰਡੀ ਗੋਬਿੰਦਗੜ | ਇਸ ਪ੍ਰੋਜੈਕਟ ਦੇ ਲੱਗਣ ਨਾਲ ਲੋਕਾਂ ਨੂੰ ਕੀ ਫਾਇਦਾ ਹੋਵੇਗਾ? ਕੀ ਇੰਡਸਟਰੀ ਦੇ ਵਾਧੇ ਨਾਲ ਇਸ ਦੇ ਪ੍ਰਦੂਸ਼ਣ ਵਿੱਚ ਵੀ ਵਾਧਾ ਹੋਵੇਗਾ? | ਕੰਪਨੀ ਦੇ ਵਾਤਾਵਰਣ ਸਲਾਹਕਾਰ ਨੇ ਦੱਸਿਆ ਕਿ ਇੰਡਸਟਰੀ ਦੇ ਵਾਧੇ ਨਾਲ ਸਥਾਨਿਕ ਲੋਕਾਂ ਨੂੰ ਰੁਜਗਾਰ ਮਿਲੇਗਾ ਅਤੇ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਇੰਡਸਟਰੀ ਤੋਂ ਟੈਕਸ ਪ੍ਰਾਪਤ ਹੋਣਗੇ। ਉਸ ਨੇ ਅੱਗੇ ਦੱਸਿਆ ਕਿ ਇੰਡਸਟਰੀ ਤੋਂ ਕੋਈ ਵੀ ਪਾਣੀ ਅਤੇ ਸ਼ੋਰ ਪ੍ਰਦੂਸ਼ਣ ਨਹੀਂ ਹੋਵੇਗਾ ਅਤੇ ਕੋਈ ਵੀ ਪਾਣੀ ਇੰਡਸਟਰੀ ਤੇ ਪਰਿਸ਼ਰ ਤੋਂ ਬਾਹਰ ਨਹੀਂ ਸੁੱਟਿਆ ਜਾਵੇਗਾ। ਉਸਨੇ ਇਹ ਵੀ ਦੱਸਿਆ ਕਿ ਇੰਡਸਟਰੀ ਤੋਂ ਹਵਾ ਪ੍ਰਦੂਸ਼ਣ ਕੰਟਰੋਲ ਕਰਨ ਲਈ ਸੈਕੰਡਰੀ ਅਮੀਸਨਜ਼ ਕੁਲੈਕਟ ਕਰਨ ਲਈ ਪੀ.ਐਸ.ਸੀ.ਐਸ.ਟੀ. ਦਾ ਤਿਆਰ ਕੀਤੇ ਡਿਜਾਈਨ ਦਾ ਸਾਈਡ ਹੁੱਡ ਸਕਸਨ ਲਗਾਇਆ ਜਾਵੇਗਾ। |

<table>
<tr><td>4</td><td>ਸ੍ਰੀ ਗੁਰਪ੍ਰੀਤ ਸਿੰਘ, ਪਿੰਡ ਭਾਦਲਾ, ਜਿਲਾ ਫਤਹਿਗੜ ਸਾਹਿਬ</td><td>ਉਸਨੇ ਕਿਹਾ ਕਿ ਜਦੋਂ ਉਹ ਪਹਿਲਾਂ ਇੰਡਸਟਰੀ ਵਿੱਚ ਆਉਂਦੇ ਸੀ ਉਦੋਂ ਇੱਥੇ ਧੂੜ ਉਡਦੀ ਸੀ ਪਰ ਹੁਣ ਇੰਡਸਟਰੀ ਦੀ ਹਾਲਤ ਸੁਧਰੀ ਹੈ ਅਤੇ ਇਸ ਦਾ ਪ੍ਰਦੂਸ਼ਣ ਪਹਿਲਾਂ ਦੇ ਮੁਕਾਬਲੇ ਘੱਟਿਆ ਹੈ। ਉਸਨੇ ਅੱਗੇ ਕਿਹਾ ਕਿ ਇੰਡਸਟਰੀ ਨੇ ਆਪਣੇ ਨੇੜੇ ਪਾਰਕ ਬਣਾਇਆ ਹੈ।</td><td>ਵਾਤਾਵਰਣ ਇੰਜੀਨੀਅਰ (ਮੈਗਾ) ਨੇ ਦੱਸਿਆ ਕਿ ਉਹਨਾਂ ਨੂੰ ਵਾਤਾਵਰਣ ਇੰਜੀਨੀਅਰ, ਖੇਤਰੀ ਦਫਤਰ ਫਤਹਿਗੜ ਸਾਹਿਬ ਨੇ ਦੱਸਿਆ ਕਿ ਮੰਡੀ ਗੋਬਿੰਦਗੜ ਵਿੱਚ ਲੱਗੀਆਂ ਇੰਡਸਟਰੀਆਂ ਵਲੋਂ ਪਹਿਲਾਂ ਜੋ ਸਾਈਡ ਸਕਸਨ ਹੁੱਡ ਲਗਾਏ ਸਨ ਉਹ ਚੰਗੀ ਤਰਾਂ ਕੰਮ ਨਹੀਂ ਕਰਦੇ ਸੀ। ਉਸਨੇ ਅੱਗੇ ਦੱਸਿਆ ਕਿ ਹੁਣ 50 ਤੋਂ ਜਿਆਦਾ ਇੰਡਸਟਰੀਆਂ ਵਲੋਂ ਪੀ.ਐਸ.ਸੀ.ਐਸ.ਟੀ. ਦਾ ਤਿਆਰ ਕੀਤੇ ਡਿਜਾਈਨ ਦਾ ਸਾਈਡ ਹੁੱਡ ਸਕਸਨ ਲਗਾਇਆ ਗਿਆ ਹੈ ਅਤੇ ਮਿਤੀ 30/06/2019 ਤੱਕ ਮੰਡੀ ਗੋਬਿੰਦਗੜ ਵਿੱਚ ਤਕਰੀਬਨ ਸਾਰੀਆਂ ਇੰਡਸਟਰੀਆਂ ਵਲੋਂ ਇਹ ਸਾਈਡ ਸਕਸਨ ਹੁੱਡ ਲਗਾਏ ਜਾਣਗੇ ਜਿਸ ਨਾਲ ਮੰਡੀ ਗੋਬਿੰਦਗੜ ਵਿੱਚੋਂ ਹਵਾ ਪ੍ਰਦੂਸ਼ਣ ਬਹੁਤ ਹੱਦ ਤੱਕ ਘੱਟ ਜਾਵੇਗਾ।</td></tr>
<tr><td>5</td><td>ਸ੍ਰੀ ਧਰਮਿੰਦਰ ਸਿੰਘ, ਵਾਸੀ ਰਾਮ ਨਗਰ, ਮੰਡੀ ਗੋਬਿੰਦਗੜ</td><td>ਉਸਨੇ ਕਿਹਾ ਕਿ ਇੰਡਸਟਰੀ ਵਿੱਚੋਂ ਬਹੁਤ ਪ੍ਰਦੂਸ਼ਣ ਹੁੰਦਾ ਹੈ ਜਿਸ ਨਾਲ ਉਸਦੇ ਪਰਿਵਾਰ ਦੇ ਮੈਂਬਰ ਬਿਮਾਰ ਪੈ ਗਏ ਹਨ।</td><td rowspan="2">ਇੰਡਸਟਰੀ ਦੇ ਮਾਲਕ ਨੇ ਦੱਸਿਆ ਕਿ ਉਹਨਾਂ ਵਲੋਂ ਨਵੀਂ ਅਤੇ ਸਹੀ ਤਕਨੀਕ ਪ੍ਰਦੂਸ਼ਣ ਕੰਟਰੋਲ ਯੰਤਰ ਲਗਾਏ ਹੋਏ ਹਨ ਅਤੇ ਉਸਨੇ ਭਰੋਸਾ ਦਿੱਤਾ ਕਿ ਉਹ ਜਨਤਾ ਵਲੋਂ ਉਠਾਈ ਗਈ ਸਮੱਸਿਆ ਨੂੰ ਹੱਲ ਕਰਨ ਲਈ ਜਲਦੀ ਹੀ ਸਕਰੈਪ ਯਾਰਡ ਨੂੰ ਮੌਜੂਦਾ ਜਗਾ ਤੋਂ ਸਿਫਟ ਕਰ ਦੇਣਗੇ। ਉਸਨੇ ਇਹ ਵੀ ਦੱਸਿਆ ਕਿ ਇੰਡਸਟਰੀ 28 ਸਾਲ ਪਹਿਲਾਂ ਸਥਾਪਿਤ ਕੀਤੀ ਸੀ ਅਤੇ ਉਸ ਸਮੇਂ ਇੰਡਸਟਰੀ ਦੇ ਨੇੜੇ ਕੋਈ ਵੀ ਆਬਾਦੀ ਨਹੀਂ ਸੀ ਪਰ ਹੁਣ ਲੋਕਾਂ ਵਲੋਂ ਇਸ ਦੇ ਨੇੜੇ ਆਪਣੇ ਘਰ ਬਣਾ ਲਏ ਗਏ ਹਨ । ਉਸ ਨੇ ਇਹ ਵੀ ਕਿਹਾ ਜੇਕਰ ਲੋਕ ਚਾਹੁੰਣ ਤਾਂ ਉਹ ਆਪਣਾ ਯੂਨਿਟ 2 ਸਾਲ ਵਿੱਚ ਸਿਫਟ ਕਰ ਲਵੇਗਾ। ਇਸ ਸੰਬੰਧ ਵਿੱਚ ਸਥਾਨਿਕ</td></tr>
<tr><td>6</td><td>ਸ੍ਰੀ ਹਰਿੰਦਰ ਸਿੰਘ, ਵਾਸੀ ਰਾਮ ਨਗਰ, ਜਿਲਾ ਫਤਹਿਗੜ ਸਾਹਿਬ</td><td>ਉਸ ਨੇ ਕਿਹਾ ਕਿ ਇੰਡਸਟਰੀ ਤੋਂ ਪ੍ਰਦੂਸ਼ਣ ਪੈਦਾ ਹੁੰਦਾ ਹੈ ਅਤੇ ਇਸ ਦੇ ਵਾਧੇ ਨਾਲ ਇੰਡਸਟਰੀ ਤੋਂ ਹੋਰ ਪ੍ਰਦੂਸ਼ਣ ਹੋਵੇਗਾ। ਉਸਨੇ ਇਹ ਵੀ ਕਿਹਾ ਕਿ ਇੰਡਸਟਰੀ ਨੇ ਸਹੀ ਅਤੇ ਸੰਤੋਖਜਨਕ ਪ੍ਰਦੂਸ਼ਣ ਕੰਟਰੋਲ ਯੰਤਰ ਨਹੀਂ ਲਗਾਏ ਹੋਏ।</td></tr>
</table>

| | | | |
|---|---|---|---|
| | | | ਲੋਕਾਂ ਨੇ ਜੋ ਕਿ ਜਨਤਕ ਸੁਣਵਾਈ ਵਿੱਚ ਮੋਜੂਦ ਸੀ, ਕਿਹਾ ਕਿ ਉਹ ਇੰਡਸਟਰੀ ਨੂੰ ਸਿਫਟ ਕਰਵਾਉਣ ਦੇ ਹੱਕ ਵਿੱਚ ਨਹੀਂ ਹਨ ਪਰ ਪ੍ਰਦੂਸ਼ਣ ਨੂੰ ਰੋਕਣ ਦਾ ਭਰੋਸਾ ਦਿੱਤਾ ਜਾਣਾ ਚਾਹੀਦਾ ਹੈ। ਇੰਡਸਟਰੀ ਦੇ ਮਾਲਕ ਨੇ ਭਰੋਸਾ ਦਿੱਤਾ ਕਿ ਉਹ ਜਨਤਾ ਵਲੋਂ ਉਠਾਏ ਗਏ ਸਾਰੇ ਮੱਦਿਆਂ ਨੂੰ 15 ਦਿਨਾਂ ਦੇ ਅੰਦਰ-ਅੰਦਰ ਹੱਲ ਕਰ ਦੇਣਗੇ। |

ਵਾਤਾਵਰਣ ਇੰਜੀਨੀਅਰ (ਮੈਗਾ) ਨੇ ਲੋਕਾਂ ਨੂੰ ਦੱਸਿਆ ਕਿ ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਫਤਹਿਗੜ ਸਾਹਿਬ ਨੇ ਅਡੀਸ਼ਨਲ ਡਿਪਟੀ ਕਮਿਸ਼ਨਰ, ਫਤਹਿਗੜ ਸਾਹਿਬ ਨੂੰ ਰਿਪੋਰਟ ਕੀਤੀ ਹੈ ਕਿ ਜਨਤਾ ਦੀ ਮੁੱਖ ਸਮੱਸਿਆਵਾਂ ਉਹਨਾਂ ਦੇ ਘਰ ਦੇ ਨੇੜੇ ਸਕਰੈਪ ਯਾਰਡ ਹੋਣ ਅਤੇ ਵਹੀਕਲਾਂ ਦੀ ਆਵਾਜਾਈ ਜੋ ਕਿ ਉਹਨਾਂ ਨੂੰ ਬਹੁਤ ਤੰਗ ਕਰਦੀ ਹੈ। ਇਸ ਤੋਂ ਇਲਾਵਾ ਇੰਡਸਟਰੀ ਦਾ ਏ.ਪੀ.ਸੀ.ਡੀ ਅਤੇ ਸਟੈਕ ਜੋ ਕਿ ਉਹਨਾਂ ਦੇ ਘਰਾਂ ਦੇ ਨੇੜੇ ਲੱਗਿਆ ਹੋਇਆ ਹੈ ਅਤੇ ਇੰਡਸਟਰੀ ਦਾ ਧੂੰਆ ਜੋ ਕਿ ਉਹਨਾਂ ਨੂੰ ਪ੍ਰੇਸ਼ਾਨ ਕਰਦਾ ਹੈ। ਅਡੀਸ਼ਨਲ ਡਿਪਟੀ ਕਮਿਸ਼ਨਰ, ਫਤਹਿਗੜ ਸਾਹਿਬ ਨੇ ਫੈਸਲਾ ਕੀਤਾ ਕਿ ਇੰਡਸਟਰੀ ਦੇ ਮਾਲਕ, ਲੋਕਾਂ ਵਲੋਂ ਉਠਾਏ ਗਏ ਮੱਦਿਆਂ ਨੂੰ 15 ਦਿਨਾਂ ਦੇ ਅੰਦਰ ਅੰਦਰ ਨਿਪਟਾਉਣਗੇ। ਉਹਨਾਂ ਅੱਗੇ ਦੱਸਿਆ ਕਿ ਜਨਤਾ ਵਿੱਚੋਂ ਕੋਈ ਵੀ ਤਿੰਨ ਵਿਅਕਤੀ ਅਤੇ ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਫਤਹਿਗੜ ਸਾਹਿਬ ਵਲੋਂ ਇੰਡਸਟਰੀ ਨੂੰ 15 ਦਿਨਾਂ ਬਾਅਦ ਸਾਂਝੇ ਤੋਰ ਤੇ, ਇੰਡਸਟਰੀ ਵਲੋਂ ਕੀਤੇ ਗਏ ਕੰਮਾਂ ਨੂੰ ਚੈਕ ਕਰਨਗੇ। ਵਾਤਾਵਰਣ ਇੰਜੀਨੀਅਰ (ਮੈਗਾ) ਵਲੋਂ ਦੱਸਿਆ ਗਿਆ ਕਿ ਇੰਡਸਟਰੀ ਵਲੋਂ ਦਿੱਤੀ ਰਿਪੋਰਟ/ਅਰਜੀ ਅਨੁਸਾਰ ਆਪਣੀ ਮੋਜੂਦਾ ਇੰਡਕਸ਼ਨ ਭੱਠੀ ਨੂੰ ਨਵੀਂ ਭੱਠੀਆਂ ਨਾਲ ਬਦਲਿਆ ਜਾਵੇਗਾ ਅਤੇ ਇਸ ਤੋਂ ਪੈਦਾ ਹੋਣ ਵਾਲੇ ਪ੍ਰਦੂਸ਼ਣ ਨੂੰ ਰੋਕਣ ਲਈ ਨਵੀਂ ਤਕਨਕੀ ਦੇ ਪ੍ਰਦੂਸ਼ਣ ਰੋਕਥਾਮ ਯੰਤਰ ਲਗਾਏ ਜਾਣਗੇ।

ਉਪਰੋਕਤ ਦੇ ਸੰਬੰਧ ਵਿੱਚ ਇੰਡਸਟਰੀ ਦੇ ਮਾਲਕ ਨੇ ਦੱਸਿਆ ਕਿ ਉਹ ਜਨਤਾ ਵਲੋਂ ਉਠਾਏ ਗਏ ਮੁੱਦਿਆਂ ਨੂੰ ਠੀਕ ਕਰਨ ਨੂੰ ਤਿਆਰ ਹਨ ਅਤੇ ਇਸ ਦਾ ਉਹਨਾਂ ਵਲੋਂ ਭਰੋਸਾ ਦਿੱਤਾ ਗਿਆ।

ਵਾਤਾਵਰਣ ਇੰਜੀਨੀਅਰ (ਮੈਗਾ) ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਜੇ ਕੋਈ ਹੋਰ ਵਿਅਕਤੀ ਕੁਝ ਜਾਣਕਾਰੀ ਲੈਣਾ ਚਾਹੁੰਦਾ ਹੋਵੇ ਅਤੇ ਇਤਰਾਜ ਪ੍ਰਗਟ ਕਰਨ ਚਾਹੰਦਾ ਹੋਵੇ ਤਾਂ ਲੈ ਸਕਦਾ/ਕਰ ਸਕਦਾ ਹੈ। ਪਰ ਕਿਸੇ ਨੇ ਵੀ ਜਾਣਕਾਰੀ ਨਹੀ ਮੰਗੀ ਅਤੇ ਨਾ ਹੀ ਕੋਈ ਇਤਰਾਜ਼ ਪ੍ਰਗਟ ਕੀਤਾ । ਇਸ ਜਨਤਕ ਸੁਣਵਾਈ ਵਿੱਚ 61 ਵਿਅਕਤੀਆਂ ਨੇ ਹਿੱਸਾ ਲਿਆ।

ਜਨਤਕ ਸੁਣਵਾਈ ਦੇ ਅੰਤ ਵਿੱਚ ਪਿੰਡ ਰਾਮ ਨਗਰ, ਗੁਰੂ ਕੀ ਨਗਰੀ, ਨਸਰਾਲੀ, ਭਾਦਲਾ ਉੱਚਾ ਅਤੇ ਭਾਦਲਾ ਪਿੰਡ ਦੇ 56 ਵਿਅਕਤੀਆਂ, ਸਾਂਝੇ ਤੋਰ ਲਿਖਤ ਵਿੱਚ ਇਹ ਵੀ ਲਿਖਿਆ ਹੈ ਕਿ ਉਹ ਇਸ ਇੰਡਸਟਰੀ ਦੇ ਵਾਧੇ ਹੱਕ ਵਿੱਚ ਹਨ ਕਿਉਂਕਿ ਇਸ ਦੇ ਵਾਧੇ ਨਾਲ ਇਲਾਕੇ ਦੇ ਲੋਕਾਂ ਨੂੰ ਰੁਜਗਾਰ ਦੇ ਮੋਕੇ ਮਿਲਣਗੇ ਅਤੇ ਇਸ ਦੇ ਵਾਧੇ ਲਈ ਉਹਨਾਂ ਨੂੰ ਕੋਈ ਇਤਰਾਜ ਨਹੀਂ। ਉਪਰੋਕਤ ਦਰਖਾਸਤ ਮਿਤੀ 11.03.2019, ਅਨੁਲਗ-1 ਨਾਲ ਨੱਥੀ ਕੀਤੀ ਜਾਂਦੀ ਹੈ ।

ਸਰਵਜਨਕ ਸੁਣਵਾਈ ਸੁਪਰਵਾਈਜਰ-ਕਮ-ਪ੍ਰਜਾਈਡਿੰਗ ਅਫਸਰ ਅਤੇ ਹਾਜਰ ਜਨਤਾ ਦੇ ਧੰਨਵਾਦ ਸਹਿਤ ਖਤਮ ਕੀਤੀ ਗਈ ।

| | | |
|---|---|---|
| **(ਵਿਜ਼ੈ ਕੁਮਾਰ)**<br>ਵਾਤਾਵਰਣ ਇੰਜੀਨੀਅਰ<br>ਪੀਪੀਸੀਬੀ, ਖੇਤਰੀ ਦਫਤਰ,<br>ਫਤਹਿਗੜ ਸਾਹਿਬ | **(ਡਾ. ਮਨੋਹਰ ਲਾਲ ਚੋਹਾਨ)**<br>ਵਾਤਾਵਰਣ ਇੰਜੀਨੀਅਰ (ਮੈਗਾ)<br>ਪੀਪੀਸੀਬੀ ਪਟਿਆਲਾ | **(ਜਸਪ੍ਰੀਤ ਸਿੰਘ ਆਈ.ਏ.ਐਸ.)**<br>ਅਡੀਸ਼ਨਲ ਡਿਪਟੀ ਕਮਿਸ਼ਨਰ,<br>ਫਤਹਿਗੜ ਸਾਹਿਬ |